Royal College of Anaesthetists

# ਬੇਹੋਸ਼/ਸੁੰਨ ਕਰਨ ਵਾਲੀਆਂ ਦਵਾਈਆਂ – ਜੋਖਮ ਅਤੇ ਮਾੜੇ ਪ੍ਰਭਾਵ

# ਦੰਦਾਂ, ਬੁੱਲ੍ਹਾਂ ਅਤੇ ਜੀਭ ਨੂੰ ਨੁਕਸਾਨ

## ਇਸ ਪਰਚੇ ਬਾਰੇ

ਇਹ ਪਰਚਾ **ਤੁਹਾਡੇ ਦੰਦਾਂ, ਬੁੱਲ੍ਹਾਂ ਅਤੇ ਜੀਭ ਨੂੰ ਹੋਣ ਵਾਲੇ ਨੁਕਸਾਨ** ਬਾਰੇ ਹੈ ਜੋ ਤੁਹਾਨੂੰ ਆਮ ਐਨੱਸਥੈਟਿਕ ਦਿੱਤੇ ਜਾਣ 'ਤੇ ਹੋ ਸਕਦਾ ਹੈ। ਇਹ ਦੱਸਦਾ ਹੈ ਕਿ ਇਹ ਨੁਕਸਾਨ ਕਿਵੇਂ ਹੋ ਸਕਦਾ ਹੈ ਅਤੇ ਇਸ ਬਾਰੇ ਕੀ ਕੀਤਾ ਜਾ ਸਕਦਾ ਹੈ।

ਜਨਰਲ ਐਨੱਸਥੈਟਿਕ (ਆਮ ਬੇਹੋਸ਼ ਕਰਨ ਵਾਲੀਆਂ ਦਵਾਈਆਂ) ਉਹ ਦਵਾਈਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਗੂੜ੍ਹੀ-ਨੀਂਦ ਆਉਂਦੀ ਹੈ। ਇਹ ਕੁਝ ਆਪਰੇਸ਼ਨਾਂ ਅਤੇ ਪ੍ਰਕਿਰਿਆਵਾਂ ਲਈ ਜ਼ਰੂਰੀ ਹੁੰਦਾ ਹੈ। ਜਨਰਲ ਐਨੱਸਥੈਟਿਕ ਨੂੰ ਲੈ ਕੇ, ਤੁਸੀਂ ਬੇਹੋਸ਼ ਹੋ ਜਾਂਦੇ ਹੋ ਅਤੇ ਕੁਝ ਵੀ ਮਹਿਸੂਸ ਨਹੀਂ ਕਰਦੇ ਹੋ।

ਤੁਸੀਂ ਸਾਡੀ ਵੈੱਬਸਾਈਟ 'ਤੇ ਵੱਖ-ਵੱਖ ਕਿਸਮਾਂ ਦੀਆਂ ਸੁੰਨ ਜਾਂ ਬੇਹੋਸ਼ ਕਰਨ ਵਾਲੀਆਂ ਦਵਾਈਆਂ ਬਾਰੇ ਪੜ੍ਹ ਸਕਦੇ ਹੋ, ਜੋ ਕਿ ਇੱਥੇ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ:

**www.rcoa.ac.uk/patientinfo/translations#languages**.

## ਐਨੱਸਥੈਟਿਕ (ਸੁੰਨ/ਬੇਹੋਸ਼) ਕਰਨ ਦੌਰਾਨ ਦੰਦਾਂ, ਬੁੱਲ੍ਹਾਂ ਅਤੇ ਜੀਭ ਨੂੰ ਹੋਣ ਵਾਲੇ ਨੁਕਸਾਨ ਬਾਰੇ

ਤੁਹਾਡੇ ਮੂੰਹ ਅਤੇ ਬੁੱਲ੍ਹਾਂ 'ਤੇ ਕਈ ਵਾਰ ਐਨੱਸਥੀਜ਼ੀਆ ਦੇਣ ਤੋਂ ਬਾਅਦ ਛੋਟੇ-ਛੋਟੇ ਕੱਟ ਜਾਂ ਨੀਲ ਪੈ ਸਕਦੇ ਹਨ। ਇਹ ਆਮ ਤੌਰ 'ਤੇ ਕੁਝ ਦਿਨਾਂ ਵਿੱਚ ਠੀਕ ਹੋ ਜਾਂਦੇ ਹਨ।

ਆਮ ਐਨੱਸਥੈਟਿਕ ਦੌਰਾਨ ਦੰਦ ਟੁੱਟ ਸਕਦੇ ਹਨ, ਹਿੱਲ ਸਕਦੇ ਹਨ ਜਾਂ ਕਈ ਵਾਰ ਦੁਰਘਟਨਾ ਨਾਲ ਬਾਹਰ ਆ ਸਕਦੇ ਹਨ।

ਜਨਰਲ ਐਨੱਸਥੈਟਿਕ ਦੇ ਦੌਰਾਨ, ਤੁਹਾਡੇ ਗਲੇ ਅਤੇ ਛਾਤੀ ਦੇ ਆਲੇ ਦੁਆਲੇ ਦੀਆਂ ਮਾਸਪੇਸ਼ੀਆਂ ਸਮੇਤ, ਤੁਹਾਡੇ ਸਰੀਰ ਦੀਆਂ ਮਾਸਪੇਸ਼ੀਆਂ ਢਿੱਲੀਆਂ ਪੈ ਜਾਂਦੀਆਂ ਹਨ। ਇਸ ਨਾਲ ਤੁਹਾਡੇ ਫੇਫੜਿਆਂ ਵਿੱਚ ਜਾਣ ਵਾਲੀ ਹਵਾ ਦੀ ਮਾਤਰਾ ਘੱਟ ਸਕਦੀ ਹੈ।

ਤੁਹਾਡੇ ਫੇਫੜਿਆਂ ਵਿੱਚ ਆਕਸੀਜਨ ਦੇ ਨਿਰੰਤਰ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ, ਐਨੱਸਥੀਜ਼ੀਆ ਮਾਹਿਰ ਤੁਹਾਡੀ ਸਾਹ ਨਾਲੀ ਨੂੰ ਖੁੱਲ੍ਹਾ ਰੱਖਣ ਲਈ ਤੁਹਾਡੇ ਗਲੇ ਵਿੱਚ ਇੱਕ ਸਾਹ ਲੈਣ ਵਾਲੀ ਟਿਊਬ ਲਗਾ ਸਕਦਾ ਹੈ। ਉਹ ਆਮ ਤੌਰ 'ਤੇ ਤੁਹਾਡੇ ਬੇਹੋਸ਼ ਹੋਣ ਤੋਂ ਬਾਅਦ ਅਜਿਹਾ ਕਰਦੇ ਹਨ।


ਜਦੋਂ ਤੁਸੀਂ ਬੇਹੋਸ਼ ਹੁੰਦੇ ਹੋ ਤਾਂ ਤੁਹਾਡਾ ਐਨੱਸਥੀਜ਼ੀਆ ਮਾਹਿਰ ਜੋ ਟਿਊਬਾਂ ਜਾਂ ਮਾਸਕ ਵਰਤਦਾ ਹੈ, ਉਹ ਗਲਤੀ ਨਾਲ ਤੁਹਾਡੇ ਦੰਦਾਂ, ਬੁੱਲ੍ਹਾਂ ਅਤੇ ਜੀਭ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਹ ਉਪਕਰਣ ਤੁਹਾਨੂੰ ਸੁੰਨ/ਬੇਹੋਸ਼ ਕਰਨ ਦੌਰਾਨ ਸੁਰੱਖਿਅਤ ਰੱਖਣ ਲਈ ਜ਼ਰੂਰੀ ਹੁੰਦੇ ਹਨ।

ਐਨੱਸਥੀਜ਼ੀਆ ਦੌਰਾਨ ਤੁਹਾਡੀ ਸਾਹ ਨਲੀ ਅਤੇ ਸਾਹ ਕਿਰਿਆ ਬਾਰੇ ਵਧੇਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਮੌਜੂਦ ਹੈ ਜੋ ਕਿ ਇੱਥੇ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹੈ: www.rcoa.ac.uk/patientinfo/translations#languages.

## ਇਸ ਤਰ੍ਹਾਂ ਹੋਣ ਦੀ ਕਿੰਨੀ ਕੁ ਸੰਭਾਵਨਾ ਹੈ?

### ਬੁੱਲ੍ਹਾਂ ਅਤੇ ਜੀਭ 'ਤੇ ਮਾਮੂਲੀ ਕੱਟ ਜਾਂ ਨੀਲ ਪੈਣਾ

**ਹਰ 100 ਵਿਅਕਤੀਆਂ ਵਿੱਚੋਂ**



**1-5 ਨੂੰ ਹੋਈ** **95–99 ਨੂੰ ਨਹੀਂ ਹੋਈ**

### ਦੰਦਾਂ ਨੂੰ ਨੁਕਸਾਨ ਜਿਸ ਲਈ ਦੰਦਾਂ ਦੇ ਡਾਕਟਰ ਦੀ ਲੋੜ ਸੀ

**ਹਰ 10,000 ਵਿਅਕਤੀਆਂ ਵਿੱਚੋਂ**

| | |
|---|---|
| **5 ਨੂੰ ਹੋਇਆ** | **9,995 ਨੂੰ ਨਹੀਂ ਹੋਇਆ** |

ਜਿਨ੍ਹਾਂ ਲੋਕਾਂ ਦੇ ਦੰਦਾਂ ਨੂੰ ਨੁਕਸਾਨ ਪਹੁੰਚਿਆ ਸੀ, ਉਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਲੋਕਾਂ ਦੇ ਦੰਦ ਅਤੇ ਮਸੂੜੇ ਸਰਜਰੀ ਤੋਂ ਪਹਿਲਾਂ ਖ਼ਰਾਬ ਹਾਲਤ ਵਿੱਚ ਸਨ।

ਇਹ ਅੰਕੜੇ ਖੋਜ ਅਧਿਐਨਾਂ ਤੋਂ ਲਏ ਗਏ ਹਨ। ਤੁਸੀਂ ਸਾਡੇ ਅੰਕੜਿਆਂ ਦੇ ਸਰੋਤ ਸਾਡੀ ਵੈੱਬਸਾਈਟ ‘ਤੇ ਦੇਖ ਸਕਦੇ ਹੋ: www.rcoa.ac.uk/patientinfo/risks/evidence.

## ਕੀ ਕੋਈ ਚੀਜ਼ ਇਸਦੀ ਸੰਭਾਵਨਾ ਨੂੰ ਵਧਾਉਂਦੀ ਹੈ?

ਨੁਕਸਾਨ ਦੀ ਸੰਭਾਵਨਾ ਵਧੇਰੇ ਹੁੰਦੀ ਹੈ ਜੇਕਰ:

- ਤੁਸੀਂ ਆਪਣਾ ਮੂੰਹ ਬਹੁਤਾ ਨਹੀਂ ਖੋਲ੍ਹ ਸਕਦੇ ਹੋ ਜਾਂ ਆਪਣੀ ਗਰਦਨ ਨੂੰ ਆਸਾਨੀ ਨਾਲ ਨਹੀਂ ਹਿਲਾ ਸਕਦੇ ਹੋ। ਉਦਾਹਰਣ ਵਜੋਂ ਕੁਝ ਗਠੀਏ ਦੀਆਂ ਸਥਿਤੀਆਂ ਜਨਰਲ ਐਨੱਸਥੀਜ਼ੀਆ ਦੌਰਾਨ ਤੁਹਾਡੀ ਗਰਦਨ ਨੂੰ ਹਿਲਾਉਣਾ ਜਾਂ ਤੁਹਾਡੇ ਸਿਰ ਨੂੰ ਸਹੀ ਸਥਿਤੀ ਵਿੱਚ ਰੱਖਣਾ ਮੁਸ਼ਕਲ ਬਣਾ ਸਕਦੀਆਂ ਹਨ
- ਤੁਹਾਡੇ ਉੱਪਰਲੇ ਦੰਦ ਬਹੁਤ ਉਭਰੇ ਹੋਏ ਹਨ ਜਾਂ ਹੇਠਲਾ ਜਬਾੜਾ ਜ਼ਿਆਦਾ ਛੋਟਾ ਹੈ
- ਤੁਹਾਨੂੰ ਐਮਰਜੈਂਸੀ ਸਥਿਤੀ ਵਿੱਚ ਜਨਰਲ ਐਨੱਸਥੀਜ਼ੀਆ ਦੀ ਲੋੜ ਹੁੰਦੀ ਹੈ
- ਤੁਹਾਨੂੰ ਐਮਰਜੈਂਸੀ ਸੀਜ਼ੇਰੀਅਨ ਸੈਕਸ਼ਨ ਦੇ ਨਾਲ ਜਨਰਲ ਐਨੱਸਥੀਜ਼ੀਆ ਦੀ ਲੋੜ ਹੈ
- ਤੁਹਾਨੂੰ ਮੋਟਾਪਾ ਹੈ ਜਾਂ ਤੁਹਾਡੀ ਗਰਦਨ ਦੁਆਲੇ ਵਾਧੂ ਭਾਰ ਹੈ
- ਤੁਸੀਂ ਆਪਣੇ ਮੂੰਹ, ਗਰਦਨ, ਜਬਾੜੇ ਜਾਂ ਭੋਜਨ ਨਲੀ (ਈਸੋਫੇਗਸ) ਵਿੱਚ ਕੋਈ ਆਪਰੇਸ਼ਨ ਕਰਵਾ ਰਹੇ ਹੋ।

## ਇਸਨੂੰ ਰੋਕਣ ਵਿੱਚ ਕਿਸ ਨਾਲ ਮਦਦ ਮਿਲ ਸਕਦੀ ਹੈ

ਆਪਰੇਸ਼ਨ ਤੋਂ ਪਹਿਲਾਂ ਆਪਣੇ ਦੰਦਾਂ ਨੂੰ ਨੁਕਸਾਨ ਹੋਣ ਦੇ ਜੋਖਮ ਨੂੰ ਘਟਾਉਣ ਲਈ ਤੁਸੀਂ ਖੁਦ ਕੁਝ ਚੀਜ਼ਾਂ ਕਰ ਸਕਦੇ ਹੋ।

ਜੇਕਰ ਤੁਹਾਡੇ ਦੰਦ ਹਿੱਲਦੇ ਹਨ ਜਾਂ ਤੁਹਾਡੇ ਮਸੂੜੇ ਬੁਰਸ਼ ਕਰਦੇ ਸਮੇਂ ਦੁਖਦੇ ਹਨ ਜਾਂ ਖੂਨ ਵਗਦਾ ਹੈ, ਤਾਂ ਤੁਹਾਨੂੰ ਜਿਵੇਂ ਹੀ ਪਤਾ ਲੱਗੇ ਕਿ ਤੁਹਾਨੂੰ ਆਪਰੇਸ਼ਨ ਦੀ ਲੋੜ ਹੈ, ਉਦੋਂ ਹੀ ਤੁਹਾਨੂੰ ਆਪਣੇ ਦੰਦਾਂ ਦੇ ਡਾਕਟਰ ਕੋਲ ਜਾਣਾ ਚਾਹੀਦਾ ਹੈ।

ਆਪਣੇ ਐਨੇਸਥੀਜ਼ੀਆ ਮਾਹਿਰ ਨੂੰ ਦੱਸੋ ਜੇਕਰ:

- ਤੁਹਾਡੇ ਦੰਦ ਹਿੱਲਦੇ ਹਨ ਜਾਂ ਤੁਹਾਡੇ ਦੰਦਾਂ ਅਤੇ ਮਸੂੜਿਆਂ ਨਾਲ ਕੋਈ ਹੋਰ ਸਮੱਸਿਆ ਹੈ
- ਤੁਹਾਡੇ ਹਟਾਉਣਯੋਗ ਬਰੇਸ ਜਾਂ ਇਲਾਸਟਿਕ ਬੈਂਡ ਲੱਗੇ ਹੋਏ ਹਨ
- ਤੁਹਾਡੇ ਇਮਪਲਾਂਟ, ਕਰਾਊਨ, ਬ੍ਰਿਜ, ਵਿਨੀਅਰ ਜਾਂ ਨਕਲੀ ਦੰਦ ਲੱਗੇ ਹਨ
- ਤੁਹਾਡੀ ਜੀਭ ਜਾਂ ਬੁੱਲ੍ਹ ਵਿੰਨੇ ਹੋਏ ਹਨ।

ਤੁਹਾਨੂੰ ਆਪਣੇ ਐਨੇਸਥੀਜ਼ੀਆ ਮਾਹਿਰ ਨੂੰ ਦੱਸਣਾ ਚਾਹੀਦਾ ਹੈ ਜੇਕਰ ਤੁਸੀਂ ਪਹਿਲਾਂ ਜਨਰਲ ਐਨੇਸਥੀਜ਼ੀਆ ਲਿਆ ਹੈ ਅਤੇ:

- ਤੁਹਾਨੂੰ ਦੱਸਿਆ ਗਿਆ ਸੀ ਕਿ ਤੁਹਾਡੀ ਸਾਹ ਨਾਲੀ ਵਿੱਚ ਟਿਊਬ ਪਾਉਣਾ ਮੁਸ਼ਕਲ ਸੀ
- ਤੁਹਾਡੇ ਦੰਦਾਂ ਨੂੰ ਨੁਕਸਾਨ ਪਹੁੰਚਿਆ ਸੀ।

ਕਈ ਵਾਰ ਤੁਹਾਡਾ ਐਨੇਸਥੀਜ਼ੀਆ ਮਾਹਿਰ ਤੁਹਾਡੇ ਮੈਡੀਕਲ ਰਿਕਾਰਡਾਂ ਦੀ ਜਾਂਚ ਕਰ ਸਕਦਾ ਹੈ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਮੁਸ਼ਕਲਾਂ ਦਾ ਕਾਰਨ ਕੀ ਸੀ ਅਤੇ ਦੁਬਾਰਾ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ।

## ਜੇ ਮੇਰੇ ਦੰਦ ਖਰਾਬ ਹੋ ਜਾਣ ਤਾਂ ਕੀ ਹੋਵੇਗਾ?

ਜੇ ਤੁਹਾਡੇ ਦੰਦਾਂ ਨੂੰ ਆਪਰੇਸ਼ਨ ਦੌਰਾਨ ਕੋਈ ਨੁਕਸਾਨ ਹੋਇਆ ਹੈ ਤਾਂ ਤੁਹਾਡਾ ਐਨੇਸਥੀਜ਼ੀਆ ਮਾਹਿਰ ਤੁਹਾਨੂੰ ਦੱਸੇਗਾ। ਜੇਕਰ ਕੁਝ ਦੰਦ ਨਿਕਲ ਗਏ ਹਨ, ਤਾਂ ਉਹ ਦੰਦ ਤੁਹਾਨੂੰ ਵਾਪਸ ਕਰ ਦੇਣਗੇ। ਜੇ ਤੁਹਾਨੂੰ ਲੋੜ ਹੋਵੇ ਤਾਂ ਉਹ ਤੁਹਾਨੂੰ ਦਰਦ ਤੋਂ ਰਾਹਤ ਦੇਣਗੇ ਅਤੇ ਤੁਹਾਨੂੰ ਸਲਾਹ ਦੇਣਗੇ ਕਿ ਕੀ ਕਰਨਾ ਹੈ।

ਕੁਝ ਹਸਪਤਾਲਾਂ ਵਿੱਚ ਦੰਦਾਂ ਦੇ ਸਰਜਨ ਹੁੰਦੇ ਹਨ ਜੋ ਨੁਕਸਾਨ ਨੂੰ ਦੇਖ ਸਕਦੇ ਹਨ ਅਤੇ ਮੁਰੰਮਤ ਕਰ ਸਕਦੇ ਹਨ। ਜੇਕਰ ਇਹ ਉਪਲਬਧ ਨਹੀਂ ਹੈ, ਤਾਂ ਤੁਸੀਂ ਆਪਣੇ ਦੰਦਾਂ ਦੇ ਡਾਕਟਰ ਕੋਲ ਜਾ ਸਕਦੇ ਹੋ ਅਤੇ ਫਿਰ ਹਸਪਤਾਲ ਤੋਂ ਖਰਚੇ ਵਾਪਸ ਲੈਣ ਦਾ ਦਾਅਵਾ ਕਰ ਸਕਦੇ ਹੋ। ਤੁਹਾਨੂੰ ਸਰਜਰੀ ਦੌਰਾਨ ਦੰਦਾਂ ਦੇ ਨੁਕਸਾਨ ਬਾਰੇ ਆਪਣੇ ਹਸਪਤਾਲ ਦੀ ਨੀਤੀ ਬਾਰੇ ਪਤਾ ਕਰਨਾ ਚਾਹੀਦਾ ਹੈ ਅਤੇ ਲਾਗਤ ਵਾਪਸ ਲੈਣ ਲਈ ਦਾਅਵਾ ਕਰਨ ਵਾਸਤੇ ਇੱਕ ਫਾਰਮ ਦੀ ਬੇਨਤੀ ਕਰਨੀ ਚਾਹੀਦੀ ਹੈ।

ਜੇਕਰ ਤੁਹਾਡੇ ਐਨੇਸਥੀਜ਼ੀਆ ਮਾਹਿਰ ਨੂੰ ਤੁਹਾਡੇ ਗਲੇ ਵਿੱਚ ਟਿਊਬ ਪਾਉਣ ਵਿੱਚ ਮੁਸ਼ਕਲ ਆਈ ਸੀ ਜਾਂ ਤੁਹਾਡੇ ਦੰਦ ਖਰਾਬ ਹੋ ਗਏ ਸਨ, ਤਾਂ ਇਸਦਾ ਲਿਖਤੀ ਰਿਕਾਰਡ ਮੰਗੋ ਕਿ ਕੀ ਹੋਇਆ ਸੀ। ਜੇਕਰ ਤੁਹਾਨੂੰ ਭਵਿੱਖ ਵਿੱਚ ਇੱਕ ਹੋਰ ਬੇਹੋਸ਼ ਕਰਨ ਦੀ ਦਵਾਈ ਦੀ ਲੋੜ ਪਵੇ ਤਾਂ ਇਹ ਜਾਣਕਾਰੀ ਜਾਨ ਬਚਾਉਣ ਵਾਲੀ ਹੋ ਸਕਦੀ ਹੈ।

ਡਿਫਿਕਲਟ ਏਅਰਵੇਅ ਸੋਸਾਇਟੀ (Difficult Airway Society) ਇੱਕ ਏਅਰਵੇਅ ਅਲਰਟ ਕਾਰਡ (Airway Alert Card) ਸਕੀਮ ਦਾ ਪ੍ਰਬੰਧਨ ਕਰਦੀ ਹੈ। ਤੁਹਾਡਾ ਐਨੇਸਥੀਜ਼ੀਆ ਮਾਹਿਰ ਤੁਹਾਨੂੰ ਇਸ ਸਕੀਮ ਲਈ ਭੇਜ ਸਕਦਾ ਹੈ। ਤੁਸੀਂ ਇਸ ਲਿੰਕ 'ਤੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ: https://das.uk.com/dar.

## ਬੇਦਾਅਵਾ

ਅਸੀਂ ਇਸ ਪਰਚੇ ਵਿੱਚ ਦਿੱਤੀ ਜਾਣਕਾਰੀ ਨੂੰ ਸਹੀ ਅਤੇ ਅੱਪ-ਟੂ-ਡੇਟ ਰੱਖਣ ਦੀ ਬਹੁਤ ਕੋਸ਼ਿਸ਼ ਕਰਦੇ ਹਾਂ, ਪਰ ਅਸੀਂ ਇਸਦੀ ਗਾਰੰਟੀ ਨਹੀਂ ਦੇ ਸਕਦੇ। ਅਸੀਂ ਇਹ ਉਮੀਦ ਨਹੀਂ ਕਰਦੇ ਹਾਂ ਕਿ ਇਹ ਆਮ ਜਾਣਕਾਰੀ ਤੁਹਾਡੇ ਸਾਰੇ ਸਵਾਲਾਂ ਨੂੰ ਕਵਰ ਕਰੇਗੀ ਜਾਂ ਹਰ ਉਸ ਚੀਜ਼ ਨਾਲ ਨਜਿੱਠਣ ਲਈ ਪੂਰੀ ਹੋਵੇਗੀ ਜੋ ਤੁਹਾਡੇ ਲਈ ਮਹੱਤਵਪੂਰਨ ਹੋ ਸਕਦੀ ਹੈ। ਇੱਕ ਗਾਈਡ ਦੇ ਤੌਰ 'ਤੇ ਇਸ ਪਰਚੇ ਦੀ ਵਰਤੋਂ ਕਰਦੇ ਹੋਏ, ਤੁਹਾਨੂੰ ਆਪਣੀ ਮੈਡੀਕਲ ਟੀਮ ਨਾਲ ਆਪਣੀਆਂ ਚੋਣਾਂ ਅਤੇ ਕਿਸੇ ਵੀ ਚਿੰਤਾ ਬਾਰੇ ਚਰਚਾ ਕਰਨੀ ਚਾਹੀਦੀ ਹੈ ਆਪਣੇ ਆਪ ਹੀ ਇਸ ਪਰਚੇ ਨੂੰ ਸਲਾਹ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸਦੀ ਵਰਤੋਂ ਕਿਸੇ ਵਪਾਰ ਜਾਂ ਵਪਾਰਕ ਉਦੇਸ਼ ਲਈ ਨਹੀਂ ਕੀਤੀ ਜਾ ਸਕਦੀ। ਪੂਰਾ ਬੇਦਾਅਵਾ ਦੇਖਣ ਲਈ ਕਿਰਪਾ ਕਰਕੇ ਇਸ ਲਿੰਕ 'ਤੇ ਜਾਓ: [www.rcoa.ac.uk/patient-information/translations/punjabi]।

ਸਾਰੇ ਅਨੁਵਾਦ Translators without Borders ਦੇ ਅਨੁਵਾਦਕ ਭਾਈਚਾਰੇ ਵੱਲੋਂ ਪ੍ਰਦਾਨ ਕੀਤੇ ਜਾਂਦੇ ਹਨ। ਇਹਨਾਂ ਅਨੁਵਾਦਾਂ ਦੀ ਗੁਣਵੱਤਾ ਦੀ ਜਾਂਚ ਅਨੁਵਾਦਾਂ ਨੂੰ ਜਿੰਨਾ ਸੰਭਵ ਹੋ ਸਕੇ ਸਹੀ ਬਣਾਉਣ ਲਈ ਕੀਤੀ ਜਾਂਦੀ ਹੈ, ਪਰ ਕੁਝ ਜਾਣਕਾਰੀ ਦੀ ਗਲਤੀ ਅਤੇ ਗਲਤ ਵਿਆਖਿਆ ਦਾ ਜੋਖਮ ਹੁੰਦਾ ਹੈ।

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਇਸ ਪਰਚੇ ਨੂੰ ਹੋਰ ਬਿਹਤਰ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸਵਾਗਤ ਹੈ।

ਜੇ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਵਿਚਾਰ ਇਸ 'ਤੇ ਈਮੇਲ ਕਰੋ:
patientinformation@rcoa.ac.uk

**Royal College of Anaesthetists**
Churchill House, 35 Red Lion Square, London WC1R 4SG

# www.rcoa.ac.uk

ਛੇਵਾਂ ਸੰਸਕਰਣ, ਨਵੰਬਰ 2024

ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ ਇਸ ਪਰਚੇ ਦੀ ਸਮੀਖਿਆ ਕੀਤੀ ਜਾਵੇਗੀ।

**© 2024 Royal College of Anaesthetists**
ਇਸ ਪਰਚੇ ਦੀ ਨਕਲ ਮਰੀਜ਼ਾਂ ਲਈ ਜਾਣਕਾਰੀ ਸਮੱਗਰੀ ਤਿਆਰ ਕਰਨ ਦੇ ਉਦੇਸ਼ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਇਸ ਮੂਲ ਸਰੋਤ ਦਾ ਹਵਾਲਾ ਦਿਓ। ਜੇਕਰ ਤੁਸੀਂ ਇਸ ਪਰਚੇ ਦਾ ਹਿੱਸਾ ਕਿਸੇ ਹੋਰ ਪ੍ਰਕਾਸ਼ਨ ਵਿੱਚ ਵਰਤਣਾ ਚਾਹੁੰਦੇ ਹੋ, ਤਾਂ ਢੁਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬ੍ਰਾਂਡਿੰਗ, ਚਿੱਤਰ ਅਤੇ ਆਈਕਨਾਂ ਨੂੰ ਜ਼ਰੂਰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।